**ਹਰਿ ਜਨ ਰਾਮ ਰਾਮ ਰਾਮ ਧਿਆਂਏ॥**
**ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ॥**

**ਅਰਥ :** ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਇਨ੍ਹਾਂ ਪੰਕਤੀਆਂ ਵਿਚ ਦਸਿਆ ਹੈ ਕਿ ਪ੍ਰਭੂ ਦਾ ਜਨ **ਰਾਮ ਰਾਮ ਰਾਮ** ਕਰਕੇ ਉਸ ਨੂੰ ਧਿਆਉਂਦਾ ਹੈ ਅਤੇ ਉਸ ਦੇ ਭਗਤ ਜਨ ਦੀ ਇਕ ਪਲਕ ਜਿਨੇਂ ਸਮੇਂ ਦੀ ਸੰਗਤਿ ਨਾਲ ਕ੍ਰੋੜਾਂ ਬੈਕੁੰਠ ਪ੍ਰਾਪਤ ਹੋ ਜਾਂਦੇ ਹਨ।

ਦੋ ਸਚ ਸਾਹਮਣੇ ਆ ਰਹੇ ਹਨ - ਪਹਿਲਾ **ਰਾਮ ਰਾਮ ਰਾਮ** ਕਰ ਕੇ ਉਸ ਦਾ ਜਿਹਵਾ ਜਾਂ ਮਨ ਰਾਹੀਂ ਨਾਮ ਜਪਣਾ, ਸਿਮਰਨ ਕਰਨਾ ਅਤੇ ਦੂਜਾ ਇੰਞ ਨਾਮ ਜਪ ਚੁਕੇ ਸੰਤ ਜਾਂ ਸਾਧੂ ਜਾਂ ਭਗਤ ਜਨ ਦੀ ਸੰਗਤਿ ਦੀ ਮਹਾਨਤਾ।

**ਪਹਿਲਾ ਹੈ ਨਾਮ ਜਪਣਾ ਤੇ ਉਸ ਦੀ ਵਿਧੀ :**

ਗੁਰੂ ਗ੍ਰੰਥ ਸਾਹਿਬ ਸਿਰਫ਼ ਸਿਖਾਂ ਦਾ ਗ੍ਰੰਥ ਨਾ ਹੋ ਕੇ ਸਮੁਚੀ ਮਨੁਖਤਾ ਦਾ ਗ੍ਰੰਥ ਹੈ ਅਤੇ ਇਸ ਵਿਚ ਸਾਰੀ ਮਨੁਖਤਾ ਨੂੰ ਸਾਂਝੇ ਤੌਰ ਤੇ ਨਾਮ ਜਪਣ ਦਾ ਉਪਦੇਸ਼ ਹੈ, ਜਿਸ ਲਈ ਭਾਖਾ ਵੀ ਸਰਬ ਸਾਂਝੀ ਵਰਤੀ ਗਈ ਹੈ। ਪਰਮਾਤਮਾ ਦੇ ਅਨੇਕਾਂ ਨਾਂ ਪ੍ਰਚਲਤ ਹਨ। ਉਨ੍ਹਾਂ ਨੂੰ ਵਖ ਵਖ ਥਾਈਂ ਵਰਤ ਕੇ ਨਾਮ ਜਪਣ ਦਾ ਉਪਦੇਸ਼ ਦਿਤਾ ਗਿਆ ਹੈ। ਜਿਵੇਂ :

੧. ਪੰਜਵੇਂ ਪਾਤਸ਼ਾਹ ਉਪਦੇਸ਼ ਕਰ ਰਹੇ ਹਨ ਕਿ ਪਰਮਾਤਮਾ ਦਾ **ਹਰਿ ਹਰਿ ਹਰਿ...** ਦਾ ਜਾਪ ਜਪਣਾ ਹੈ - 'ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ॥', ਪੰਨਾ ੧੩੫੩ ਅਤੇ 'ਇਸੇ ਹਰੀ ਦਾ ਬਾਰ ਬਾਰ ਭਜਨ, ਭਜਨ ਕਰ ਹੇ ਮੂਰਖ ! ਇਸ ਭਜਨ ਤੋਂ ਬਿਨਾਂ ਤੇਰਾ ਜਨਮ ਵਿਅਰਥ ਗਿਆ' - 'ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਅਹਿਲਾ ਜਨਮੁ ਗਈ॥', ਅੰਕ ੧੩੦੮ ਅਤੇ - 'ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ॥', ਅੰਕ ੧੩੫੪.

੨. ਹੋਰ ਫ਼ੁਰਮਾਣ ਕਰਦੇ ਹਨ ਕਿ ਭਗਤ ਨਾਮਦੇਵ ਨੇ ਉਸ **ਗੋਬਿੰਦ ਗੋਬਿੰਦ ਗੋਬਿੰਦ** ਦਾ ਨਾਮ ਜਪਿਆ ਤੇ ਉਸ ਦਾ ਮਨ ਪਰਮਾਤਮਾ ਵਿਚ ਲਗ ਗਿਆ ਜਿਸ ਨਾਲ ਸਮਾਜ ਵਿਚ ਉਸ ਅਧੀ ਦਮੜੀ ਦੀ ਕੀਮਤ ਰਖਣ ਵਾਲਾ, ਭਾਵ, ਨੀਚ ਜਾਤਿ ਵੀ ਲਖਾਂ ਦੀ ਕੀਮਤ ਵਾਲਾ ਬਣ ਗਿਆ - 'ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥..', ਪੰਨਾ ੪੮੭.

੩. ਉਸ ਪ੍ਰਭੂ ਦਾ **ਮੁਰਾਰੀ** ਕਹਿ ਕੇ ਨਾਮ ਜਪੋ - 'ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ॥', ਪੰਨਾ ੩੯੯.

੪. ਮੈਂ ਉਸ ਪ੍ਰਭੂ ਨੂੰ ਸੌਂਦਿਆਂ ਜਾਗਦਿਆਂ **ਹਰਿ ਹਰਿ ਹਰਿ** ਕਹਿ ਕੇ ਅਰਾਧਿਆ ਹੈ - 'ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ॥', ਪੰਨਾ ੫੩੦.

੫. ਹੋਰ ਬਚਨ ਹਨ ਕਿ ਮੈਂ ਉਸ ਨੂੰ **ਗੋਪਾਲ** ਕਹਿ ਕੇ ਦਿਨ ਰਾਤ ਉਸ ਦਾ ਗੁਣਗਾਨ ਕੀਤਾ ਹੈ - 'ਗੁਣ ਗੋਪਾਲ ਗਾਈਅਹਿ ਦਿਨੁ ਰਾਤੀ॥', ਪੰਨਾ ੧੯੪.

ਦਿਨ ਰਾਤ ਜਪੁ ਬਾਣੀ ਜਾਂ ਕੋਈ ਹੋਰ ਬਾਣੀ ਨਹੀਂ ਪੜ੍ਹੀ ਜਾ ਸਕਦੀ, ਸਿਰਫ਼ ਸਿਮਰਨ ਕੀਤਾ ਜਾ ਸਕਦਾ ਹੈ। ਵੈਸੇ ਵੀ ਨਿਤਨੇਮ ਦੀਆਂ ੭ ਬਾਣੀਆਂ ਦਾ ਉਪਦੇਸ਼ ਰਹਿਤਨਾਮਿਆਂ ਵਿਚ ਆਇਆ ਹੈ, ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਦੀ ਲੋੜ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਸਿਮਰਨ ਕਰਨ ਦਾ, ਨਾਮ ਜਪਣ ਦਾ ਸਰਬ ਸਾਂਝਾ ਉਪਦੇਸ਼ ਹੈ।

੬. ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ **ਰਾਮ ਰਾਮ ਰਾਮ...** ਨਾਮ ਰੂਪੀ ਜਾਪ, ਸਿਮਰਨ ਰੋਜ਼ ਕਰ ਕੇ ਅੰਮ੍ਰਿਤ ਰਸ ਪੀਉ - 'ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ ਗਟਕ ਨਿਤ ਪੀਜੈ॥', ਪੰਨਾ ੧੩੨੩.

੭. ਹੋਰ ਉਪਦੇਸ਼ ਕਰਦੇ ਹਨ ਕਿ ਉਸ ਗੁਣੀ ਪ੍ਰਭੂ ਦਾ **ਗੋਵਿੰਦ, ਹਰੀ, ਗੋਵਿੰਦ, ਹਰੀ**

ਕਹਿ ਕੇ ਨਾਮ ਜਪੋ - 'ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦੁ ਹਰੇ ਗੁਣ ਗਾਵਤ ਗੁਣੀ ਸਮਉਲਾ॥', ਪੰਨਾ ੧੩੧੫ ਅਤੇ - 'ਗੋਵਿੰਦੁ ਗੋਵਿੰਦੁ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ॥ ਗੋਵਿੰਦੁ ਗੋਵਿੰਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ॥', ਅੰਕ ੧੩੧੩. ਇਸੇ ਗੋਵਿੰਦੁ ਪ੍ਰਭੂ ਨੂੰ ਆਪਣੇ ਗੁਰੂ ਦੀ ਮਤ ਅਨੁਸਾਰ, ਭਾਵ, ਗੁਰ ਉਪਦੇਸ ਜਾਂ ਗੁਰਮੰਤਰ ਅਨੁਸਾਰ ਜਪਣ ਦਾ ਹੁਕਮ ਕੀਤਾ ਹੈ। ਹੋਰ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦਾ 'ਹਰਿ ਹਰਿ ਹਰਿ ਹਰਿ ਨਾਮੁ' ਜਪੀਏ ਤੇ ਗੁਰੂ ਅਨੁਸਾਰੀ ਹੋ ਕੇ ਜਪੀਏ - 'ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ॥', ਅੰਕ ੧੩੧੩.

ਫ਼ਿਰ ਵੀ ਸਾਨੂੰ ਸਮਝ ਨਹੀਂ ਲਗ ਰਹੀ। ਇਹ ਨਿਰਾ repetition ਨਹੀਂ ਸਿਮਰਨ ਹੈ।

੮. ਇਨ੍ਹਾਂ ਉਪਰ ਆਏ ਪ੍ਰਭੂ ਦੇ ਨਾਵਾਂ ਦੇ ਸਿਮਰਨ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ **ਗੁਰੂ ਗੁਰੂ ਗੁਰੂ ਗੁਰੂ...** ਕਰ ਕੇ ਵੀ ਪਰਮੇਸਰ ਦੇ ਨਾਮ ਜਪਣ ਦਾ ਉਪਦੇਸ਼ ਆਇਆ ਹੈ - 'ਗੁਰੂ ਗੁਰੁ ਗੁਰੁ ਗੁਰ ਗੁਰੂ ਜਪੁ ਮੰਨ ਰੇ॥', ਪੰਨਾ ੧੪੦੧.

੯. ਭਗਤ ਕਬੀਰ ਜੀ ਦੀ ਮਾਤਾ ਭਗਤ ਜੀ ਤੋਂ ਇਸ ਕਰ ਕੇ ਦੁਖੀ ਸੀ ਕਿ ਉਸ ਨੇ ਆਪਣੇ ਪੂਰਵਜਾਂ ਦੇ ਦਸੇ ਦੇਵਤਿਆਂ ਆਦਿ ਦੀ ਪੂਜਾ ਨਹੀਂ ਕੀਤੀ। ਕੁਲ ਵਿਚ ਕਿਸੇ ਨੇ 'ਰਾਮ' ਦਾ ਨਾਮ ਨਹੀਂ ਜਪਿਆ ਪਰ ਉਸ ਦਾ ਪੁਤਰ, ਜਿਸ ਨੂੰ ਉਹ 'ਨਿਪੂਤਾ' ਕਹਿੰਦੀ ਹੈ, ਉਸਨੇ ਗੁਰੂ ਤੋਂ ਸਬਦ, ਭਾਵ, ਗੁਰਮੰਤਰ ਲੈ ਲਿਆ ਹੈ ਅਤੇ ਸਦਾ ਮਾਲਾ ਲੈ ਕੇ ਉਸੇ 'ਰਾਮ' ਨੂੰ ਜਪਦਾ ਰਹਿੰਦਾ ਹੈ - 'ਹਮਾਰੇ ਕੁਲ ਕਉਨੇ ਰਾਮੁ ਕਹਿਓ॥ ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ॥.. ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥', ਅੰਕ ੮੫੬.

ਭਗਤ ਕਬੀਰ ਜੀ ਦਾ ਬਹੁਤ ਹੀ ਸਪੱਸ਼ਟ ਉਪਦੇਸ਼ ਹੈ ਕਿ ਸਭ ਕੁਝ ਛਡ ਕੇ ਦੋ ਅਖਰ ਭਾਖੀ ਚਲੋ, ਜਦੋਂ ਪ੍ਰਭੂ ਆਪਣਾ ਬਣਾ ਲਏਗਾ ਤਾਂ ਜਨਮ ਮਰਣ ਦੇ ਗੇੜ ਤੋਂ ਰਖ ਲਏਗਾ - 'ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥' ਭਗਤ ਕਬੀਰ ਜੀ ਦੇ 'ਦੁਇ ਅਖਰ' 'ਰਾ' ਅਤੇ 'ਮ', ਭਾਵ 'ਰਾਮ' ਸਨ ਜੋ ਉਨ੍ਹਾਂ ਨੇ ਖੂਬ ਜਪਿਆ। ਸਾਡੇ ਲਈ 'ਵਾਹ' ਅਤੇ 'ਗੁਰੂ' ਹਨ, ਇਸ ਲਈ ਅਸੀਂ ਇਹ 'ਵਾਹਗੁਰੂ' ਭਗਤ ਕਬੀਰ ਜੀ ਵਾਂਙ ਖੂਬ ਜਪੀਏ।

੧੦. ਭਗਤ ਨਾਮਦੇਵ ਦੇ ਸਪੱਸ਼ਟ ਬਚਨ ਹਨ ਉਸ ਰਾਜਾ ਰਾਮ, ਭਾਵ, ਅਕਾਲ ਪੁਰਖ/ਗੁਰ-ਜੋਤਿ ਨੂੰ ਜਪ ਕੇ, ਉਸ ਦਾ ਸਿਮਰਨ ਕਰ ਕੇ ਕਿਹੜਾ ਕਿਹੜਾ ਨਹੀਂ ਤਰਿਆ, ਭਾਵ, ਜਿਸ ਜਿਸ ਨੇ ਵੀ ਉਸ ਦੇ ਨਾਮ ਦਾ ਸਿਮਰਨ ਕੀਤਾ, ਉਹ ਉਹ ਤਰ ਗਿਆ। ਇਸ ਸ਼ਬਦ ਵਿਚ ਭਗਤ ਜੀ ਨੇ ਅੰਬਰੀਕ, ਭਭੀਖਨ, ਸੁਦਾਮਾ, ਧ੍ਰੂਅ, ਪ੍ਰਹਿਲਾਦ, ਰਾਜਾ ਬਲ ਦੀਆਂ ਉਧਾਰਣਾਂ ਵੀ ਦਿਤੀਆਂ ਹਨ - 'ਰਾਜਾ ਰਾਮ ਜਪਤ ਕੋ ਕੋ ਨ ਤਰਿਓ॥ ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ॥...', ਪੰਨਾ ੧੧੦੫.

ਪਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਸੇਖਨਾਗ (ਜਿਸ ਨੂੰ ਪੂਰਬ ਦੀ ਭਾਖਾ ਵਿਚ ਸ਼ੇਸ਼ਨਾਗ ਕਿਹਾ ਜਾਂਦਾ ਹੈ) ਦੀ ਮਿਸਾਲ ਦਿਤੀ ਹੈ ਕਿ ਉਸ ਨੇ ਦਿਨ ਰਾਤ ਅਨੇਕਾਂ ਜੁਗਾਂ ਤੋਂ ਅਨੇਕਾਂ ਨਾਵਾਂ ਰਾਹੀ ਪ੍ਰਭੂ ਨੂੰ ਧਿਆਇਆ ਹੈ ਤਾਂ ਵੀ ਉਹ ਉਸ ਦੇ ਸਿਫ਼ਾਤੀ ਨਾਵਾਂ ਦਾ ਅੰਤ ਨਹੀਂ ਪਾ ਸਕਿਆ - 'ਸਹਸ ਫਨੀ ਸੇਖ ਅੰਤੁ ਨ ਜਾਨੈ॥ ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥', ਪੰਨਾ ੧੦੮੨. ਕਿਉਂਕਿ ਉਸ ਪ੍ਰਭੂ ਦੇ ਅਨੇਕਾਂ ਨਾਂ ਹਨ, ਸਾਰਿਆਂ ਨਾਵਾਂ ਨਾਲ ਉਸ ਦਾ ਸਿਮਰਨ ਨਹੀਂ ਹੋ ਸਕਦਾ। ਇਸ ਲਈ ਉਸ ਦਾ ਸਹੀ ਢੰਗ ਨਾਲ ਸਿਮਰਨ ਕਰਨ ਲਈ ਉਹ ਇਕੋ ਨਾਂ ਹੀ ਧਿਆਉਣਾ ਚਾਹੀਦਾ ਹੈ ਜੋ ਗੁਰੂ, ਸਮੇਂ ਦਾ ਮਹਾਤਮਾ ਉਪਦੇਸ਼ ਵਿਚ ਦਏ, alot ਕਰੇ, ਜਿਸ ਨੂੰ ਗੁਰਮੰਤਰ ਜਾਂ ਗੁਰਸ਼ਬਦ ਵੀ ਕਿਹਾ ਗਿਆ ਹੈ। ਦੁਬਾਰਾ ਚੇਤੇ ਕਰਵਾਇਆ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਾਰੀ ਮਨੁਖਤਾ ਲਈ ਸਰਬ-ਸਾਂਝਾ ਉਪਦੇਸ਼ ਹੈ, ਇਕੱਲੇ ਸਿਖਾਂ ਲਈ ਨਹੀਂ। ਇਸ ਲਈ ਸਿਖਾਂ ਲਈ **ਗੁਰ-ਉਪਦੇਸ,**

**ਗੁਰਮੰਤਰ ਜਾਂ ਗੁਰਸਬਦ** ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਿਧਰੇ ਵੀ ਉਪਦੇਸ਼ ਜਾਂ ਹੁਕਮ ਰੂਪ ਵਿਚ ਪ੍ਰਤੱਖ ਤੌਰ ਤੇ ਅੰਕਤ ਨਹੀਂ ਕੀਤਾ ਗਿਆ। ਇਸ਼ਾਰੇ ਜ਼ਰੂਰ ਦਿਤੇ ਗਏ ਹਨ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਬਚਨ ਕੀਤੇ ਹਨ ਕਿ ਹਰੀ ਪ੍ਰਭੂ ਦਾ ਗੁਰਮੰਤਰ ਰਾਹੀਂ ਨਾਮ ਜਪਣ ਨਾਲ ਸਾਰੇ ਦੋਖਾਂ ਅਤੇ ਕਿਲਵਿਖਾਂ ਦਾ ਨਾਸ ਹੋ ਜਾਂਦਾ ਹੈ – 'ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰਮੰਤਨ ਕੈ॥', ਪੰਨਾ ੯੨੫. ਪੰਜਵੇਂ ਨਾਨਕ ਅਨੁਸਾਰ ਗੁਰਮੰਤ੍ਰ ਨੂੰ ਸਦਾ ਚੇਤੇ ਕਰ ਕੇ, ਭਾਵ, ਸਿਮਰਨ ਕਰ ਕੇ ਪ੍ਰਭੂ ਦੇ ਦਰਬਾਰ ਵਿਚ ਸੁਖ ਦੀ ਪ੍ਰਾਪਤੀ ਹੁੰਦੀ ਹੈ – 'ਕਹੁ ਨਾਨਕ ਗੁਰਮੰਤ੍ਰੁ ਚਿਤਾਰਿ॥ ਸੁਖੁ ਪਾਵਹਿ ਸਾਚੈ ਦਰਬਾਰਿ॥', ਪੰਨਾ ੧੯੬. ਗੁਰਮੰਤ੍ਰ ਨੂੰ ਜਪ ਕੇ ਮਨ ਵਿਚ ਦ੍ਰਿੜ ਕਰਨ ਨਾਲ ਪ੍ਰਭੂ ਦਾ ਨਾਮ ਮਨ ਵਿਚ ਸਮਾਅ ਜਾਂਦਾ ਹੈ – 'ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥ ਕੇਵਲ ਨਾਮੁ ਰਿਦ ਮਾਹਿ ਸਮਾਇਆ॥', ਪੰਨਾ ੧੯੮. ਗੁਰਮੰਤ੍ਰ ਨੂੰ ਚੇਤੇ ਕਰਨ ਨਾਲ ਕਦੇ ਜਨਮ ਮਰਨ ਦਾ ਦੁਖ ਨਹੀਂ ਵਿਆਪਦਾ – 'ਗੁਰਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ॥', ਪੰਨਾ ੫੨੧. ਇਸ ਦੇ ਨਾਲ ਹੀ ਇਹ ਵੀ ਫ਼ੁਰਮਾਣ ਕੀਤਾ ਹੈ ਕਿ ਜਿਸ ਨੇ ਗੁਰਮੰਤਰ ਲੈ ਕੇ ਨਾਮ ਨਹੀਂ ਜਪਿਆ ਉਸ ਦਾ ਜਨਮ ਭ੍ਰਿਸ਼ਟ ਹੈ, ਉਸ ਨੂੰ ਕੁਤਾ, ਸੂਅਰ, ਗਧਾ, ਕਾਂ, ਸੱਪ ਤੁਲ ਸਮਝੋ ਅਤੇ ਇਨ੍ਹਾਂ ਜੀਵਾਂ ਵਰਗਾ ਬੁਧੀਹੀਨ, ਮੂਰਖ ਹੀ ਸਮਝੀਏ – 'ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥', ਪੰਨਾ ੧੩੫੬.

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਉਪਦੇਸ਼ ਦਿਤਾ ਹੈ ਕਿ ਬਾਕੀ ਸਭ ਕੁਝ ਨਾਸਵੰਤ ਹੈ, ਸਿਰਫ਼ ਪਰਮੇਸ਼ਰ ਦਾ ਨਾਮ, ਸਾਧੂ ਸੰਤ ਪਰਵਾਨਤ ਭਗਤ ਅਤੇ ਗੁਰੂ/ਗੋਬਿੰਦ, ਭਾਵ, ਪ੍ਰਭੂ ਅਬਿਨਾਸੀ ਹਨ, ਇਹ ਨਾਸਵੰਤ ਨਹੀਂ। ਪਰ ਇਸ ਜਗਤ ਵਿਚ ਕਿਸੇ ਵਿਰਲੇ ਹੀ ਨੇ ਉਸ ਪ੍ਰਭੂ ਨੂੰ ਗੁਰਮੰਤ੍ਰ ਰਾਹੀਂ ਜਪਿਆ ਹੈ – 'ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ॥', ਪੰਨਾ ੧੪੨੯.

ਹੁਣ ਗਲ ਕਰੀਏ ਸਿਖਾਂ ਦੀ। ਬਹੁਤ ਸਜਣਾਂ ਦਾ ਵੀਚਾਰ ਸੁਣਨ ਨੂੰ ਮਿਲਦਾ ਹੈ ਕਿ ਵਾਹਗੁਰੂ ਸਬਦ ਜਪਣ ਦਾ ਉਪਦੇਸ/ਹੁਕਮ ਨਹੀਂ ਮਿਲਦਾ। ਜਿਹਾ ਕਿ ਪਹਿਲਾਂ ਸਪੱਸ਼ਟ ਕੀਤਾ ਜਾ ਚੁਕਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਜਗਤ ਨੂੰ ਉਪਦੇਸ ਹੈ, ਇਕੱਲੇ ਸਿਖਾਂ ਨੂੰ ਨਹੀਂ। ਪਰ ਫ਼ਿਰ ਵੀ ਗੁਰੂ ਸਾਹਿਬ ਨੇ ਸਿਖਾਂ ਨੂੰ ਸਪੱਸ਼ਟ ਇਸ਼ਾਰੇ ਦਿਤੇ ਹਨ। ਤੀਜੇ ਪਾਤਸ਼ਾਹ 'ਵਾਹ' ਸ਼ਬਦ ਵਰਤ ਕੇ ਸੰਕੇਤ ਦਿੰਦੇ ਹਨ – 'ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥', ਪੰਨਾ ੫੧੪, – 'ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ॥', ਪੰਨਾ ੫੧੪, – 'ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥', ਪੰਨਾ ੫੧੪, – 'ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ॥', ਪੰਨਾ ੫੧੫.

ਪੰਜਵੇਂ ਪਾਤਸ਼ਾਹ ਨੇ 'ਵਾਹ' ਅਤੇ 'ਗੁਰ' ਸ਼ਬਦਾਂ ਦਾ ਅਗੇ ਪਿਛੇ ਪ੍ਰਯੋਗ ਕਰਕੇ ਸਪੱਸ਼ਟ ਸੰਕੇਤ ਦਿਤਾ ਹੈ – 'ਨਾਨਕ ਦਾਸ ਕਹਹੁ ਗੁਰ ਵਾਹੁ॥', ਪੰਨਾ ੩੭੬.

ਭਾਈ ਗੁਰਦਾਸ ਜੀ ਨੇ ਇਸ ਤੱਥ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਨੇ 'ਗੁਰਮੰਤ੍ਰ' ਅਤੇ 'ਗੁਰ ਸਬਦ' ਸ਼ਬਦ ਵਰਤ ਕੇ ਗੁਰਸੰਦੇਸ਼ ਦਿਤਾ ਹੈ ਕਿ ਸਿਖਾਂ ਨੂੰ 'ਵਾਹਿਗੁਰੂ' ਸ਼ਬਦ ਨੂੰ ਜਪਣ ਦਾ ਗੁਰੂ ਸਾਹਿਬਾਨ ਨੇ ਉਪਦੇਸ਼ ਦਿਤਾ – 'ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥', ਵਾਰ ੧੩:੨ ਅਤੇ – 'ਵਾਹਿਗੁਰੂ ਗੁਰ ਸਬਦੁ ਸੁਣਾਇਆ॥', ਵਾਰ ੨੪:੧.

ਗੁਰੂ ਗ੍ਰੰਥ ਸਾਹਿਬ ਵਿਚ 'ਵਾਹਿਗੁਰੂ' ਅਤੇ 'ਵਾਹਗੁਰੂ' ਦੋਨੋਂ ਸਰੂਪ ਵਰਤੇ ਗਏ ਹਨ ਜੋ ਭੱਟ ਸਾਹਿਬਾਨ ਨੇ ਵਰਤੇ ਹਨ ਪਰ ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਸੰਬੋਧਨ ਕੀਤਾ ਹੈ। ਇਹ ਸ਼ਬਦ ਅਕਾਲ ਪੁਰਖ ਲਈ ਨਹੀਂ ਵਰਤੇ ਗਏ।

→ ਚੇਤੇ ਰਹੇ ਕਿ ਅਸਲ ਨਾਮ ਅਕਾਲ ਪੁਰਖ ਦਾ ਹੁਕਮ ਹੈ ਜੋ ਅਨਹਦ ਸਬਦ ਜਾਂ

Unstruck Melody ਦੇ ਰੂਪ ਵਿਚ ਸਭ ਪਾਸੇ ਵਿਦਮਾਨ ਹੈ, ਜਿਸ ਤਕ ਸਾਡੀ ਪਹੁੰਚ ਨਹੀਂ ਹੁੰਦੀ। ਬਾਕੀ ਸਾਰੇ ਸੰਗੀਤ ਜੋ instruments ਰਾਹੀਂ ਪੈਦਾ ਹੁੰਦੇ ਹਨ, struck melody ਹੁੰਦੇ ਹਨ ਜੋ ਆਪੇ ਨਹੀਂ ਵਜਦੇ, ਵਜਾਉਣੇ ਪੈਂਦੇ ਹਨ ਪਰ ਅਨਹਦ ਸਬਦ ਬਿਨਾਂ ਕਿਸੇ ਦੇ ਵਜਾਇਆਂ ਸਪੇਸ ਅਤੇ ਸਪੇਸ ਤੋਂ ਬਾਹਰ ਵੀ ਹਮੇਸ਼ਾਂ ਵਿਦਮਾਨ ਹੁੰਦਾ ਹੈ। ਇਹੀ '**ਨਾਮ**' ਹੈ। ਉਸ ਤਕ ਪਹੁੰਚ ਬਣਾਉਣ ਲਈ ਉਸ ਅਨਹਦ ਸਬਦ ਨਾਲ intune ਹੋਣਾ ਪੈਂਦਾ ਹੈ ਜੋ ਗੁਰੂ ਦੇ ਦਿਤੇ ਸਬਦ ਜਾਂ ਗੁਰਮੰਤਰ ਦੇ ਅਭਿਆਸ ਨਾਲ ਸੰਭਵ ਹੋ ਸਕਦਾ ਹੈ।

**ਦੂਜਾ** : ਸਭ ਤੋਂ ਉਪਰ ਦਿਤੀ ਪੰਕਤੀ ਵਿਚ ਦੂਜਾ ਤੱਥ ਸਾਧੂ, ਸੰਤ, ਭਗਤ ਜਨ ਦੀ ਸੰਗਤਿ ਦਾ ਹੈ। ਉਨ੍ਹਾਂ ਦੀ ਸੰਗਤਿ ਦੀ ਮਹਾਨਤਾ ਦਸੀ ਹੈ। ਸਿਮਰਨ ਦੇ ਨਾਲ ਨਾਲ ਭਗਤ ਜਨ ਦੀ ਸੰਗਤਿ ਵੀ ਅਤਿ-ਲੋੜੀਂਦੀ ਹੀ ਨਹੀਂ ਸਗੋਂ ਲਾਜ਼ਮੀ mandatory ਹੈ। ਇਹ ਤੱਥ ਸ੍ਰੀ ਗੁਰੂ ਅਮਰਦਾਸ ਸਾਹਿਬ ਬਹੁਤ ਹੀ ਸਪੱਸ਼ਟ ਕਰਦੇ ਹਨ ਜਦੋਂ ਉਹ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੀ ਕਿਰਪਾ ਦੁਆਰਾ ਉਸ ਦਾ ਭਗਤ ਪੈਦਾ ਹੁੰਦਾ ਹੈ ਅਤੇ ਸਾਰੇ ਜਗਤ ਨੂੰ ਭਵਸਾਗਰ ਪਾਰ ਕਰਨ ਲਈ ਅਜਿਹੇ ਭਗਤਾਂ ਦੇ ਦਰਸ਼ਨ/ਸੰਗਤਿ ਲੋੜੀਂਦੇ ਹਨ, ਭਾਵ, mandatory ਹਨ - 'ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥', ਅੰਕ ੫੫੦. ਇਸੇ ਤਰ੍ਹਾਂ ਹੀ ਭਗਤ ਕਬੀਰ ਜੀ ਨੇ ਭਗਤ ਨਾਮਦੇਵ ਜੀ ਦੇ ਬਚਨਾਂ ਨੂੰ ਉਜਾਗਰ ਕਰ ਕੇ ਬਚਨ ਕੀਤੇ ਹਨ, ਜਾਂ ਇਉਂ ਕਹਿ ਲਈਏ ਕਿ ਭਗਤ ਨਾਮਦੇਵ ਜੀ ਨੂੰ quote ਕਰ ਕੇ ਸਪੱਸ਼ਟ ਕਰ ਦਿਤਾ ਹੈ ਕਿ ਕੁਝ ਜਨ ਪ੍ਰਭੂ ਨੂੰ ਢੂੰਢਣਾ ਲੋਚਦੇ ਹਨ ਪਰ ਸੰਤ ਜਨਾਂ ਨੂੰ ਨਹੀਂ ਜਾਣਦੇ, ਭਾਵ, ਉਨ੍ਹਾਂ ਦੀ ਸੰਗਤਿ ਨਹੀਂ ਹੈ ਉਹ ਅੰਨ੍ਹਿਆਂ ਵਾਂਗ ਟਟੋਲੇ ਮਾਰਦੇ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਭਗਤ ਜਨਾਂ ਤੋਂ ਬਗੈਰ ਹੀ ਭਗਵੰਤ, ਭਾਵ, ਪ੍ਰਭੂ ਮਿਲ ਪਏ ! ਭਾਵ, ਭਗਤ ਜਨਾਂ ਦੀ ਸੰਗਤਿ ਤੇ ਅਗਵਾਈ ਤੋਂ ਬਿਨਾਂ ਪਰਮੇਸ਼ਰ ਨਹੀਂ ਮਿਲ ਸਕਦਾ - 'ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ॥ ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ॥', ਅੰਕ ੧੩੭੭.

ਭਗਤਾਂ ਦੀ ਥੋੜੀ ਤੋਂ ਥੋੜੀ ਸੰਗਤਿ ਵੀ ਵਡਾ ਲਾਭ ਪੁਚਾਂਦੀ ਹੈ, ਜਿਵੇਂ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ - 'ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥', ਅੰਕ ੧੩੭੭. ਹੋਰ ਫ਼ੁਰਮਾਣ ਕਰਦੇ ਹਨ ਕਿ ਦੋਹਾਂ ਦੀ ਸੇਵਾ ਫ਼ਲ ਪ੍ਰਦਾਨ ਕਰਨ ਵਾਲੀ ਹੈ, ਰਾਮ ਪ੍ਰਭੂ ਦੀ ਸੇਵਾ, ਭਾਵ, ਸਿਮਰਨ ਅਤੇ ਸਾਧੂ, ਭਗਤ ਸੰਤ ਜਨਾਂ ਦੀ ਹਰ ਤਰੀਕੇ ਨਾਲ ਸੇਵਾ ਲਾਜ਼ਮੀ ਹੈ ਕਿਉਂਕਿ ਸੰਤ ਦੀ ਸੇਵਾ ਸਦਕਾ ਮਨੁਖ ਨਾਮ ਜਪਦਾ ਹੈ ਅਤੇ ਰਾਮ ਪ੍ਰਭੂ ਮੁਕਤੀ ਦਾ ਦਾਤਾ ਹੈ - 'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥', ਪੰਨਾ ੧੩੭੩.

ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਵਿਚ ਥਾਂ ਥਾਂ ਤੇ ਫ਼ੁਰਮਾਣ ਆਏ ਹਨ ਕਿ ਭਗਤ ਜਨਾਂ ਦੀ ਸੰਗਤਿ ਅਤੇ ਦਰਸ਼ਨ ਅਤਿ ਲੋੜੀਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਉਹ ਭਗਤ ਜਨ ਜਿਨ੍ਹਾਂ ਦੀ ਸੇਵਾ ਵਿਚ ਸਭ ਰਿਧੀਆਂ ਸਿਧੀਆਂ ਨਿਧੀਆਂ ਰਹਿੰਦੀਆਂ ਹਨ, ਸਦਾ ਉਨ੍ਹਾਂ ਦੇ ਚਰਨੀਂ ਲਗਿਆ ਰਹਿਣਾ ਚਾਹੀਦਾ ਹੈ - 'ਜਾ ਕੀ ਸੇਵਾ ਦਸ ਅਸਟ ਸਿਧਾਈ॥ ਪਲਕ ਦਿਸਟਿ ਤਾ ਕੀ ਲਾਗਹੁ ਪਾਈ॥', ਪੰਨਾ ੩੯੦ ਅਤੇ ਸਾਧੂ ਜਨਾਂ ਦੀ ਸੰਗਤਿ ਨਾਲ ਹੀ ਮੁਕਤੀ, ਬੈਕੁੰਠ ਅਤੇ ਹਰੀ ਪ੍ਰਭੂ ਦਾ ਧਾਮ ਆਦਿ ਸਭ ਕੁਝ ਪ੍ਰਾਪਤ ਹੁੰਦਾ ਹੈ - 'ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ॥', ਅੰਕ ੬੮੨.